# ਕੰਮ ਸੌਂਪਨੀ

**ਵਿਸ਼ਾ** - *ਪੰਜਾਬੀ ਭਾਸ਼ਾ ਦਾ ਅਧਿਆਪਨ*

**ਉਪ ਵਿਸ਼ਾ** - *ਕਵਿਤਾ ਅਧਿਆਪਨ ਸੰਬੰਧੀ ਪਾਠ ਯੋਜਨਾ*

**ਪ੍ਰਾਪਤ ਕਰਤਾ** -

*ਸ਼੍ਰੀ ਮਤੀ ਪਵਨਦੀਪ ਕੌਰ*

**ਜਮ੍ਹਾ ਕਰਤਾ** -

*ਧਰਮਿੰਦਰ ਕੁਮਾਰ*

ਰੋਲ ਨੰਬਰ - **1919**

Scanned with CamScanner

# ਕਵਿਤਾ-ਅਧਿਆਪਨ ਸੰਬੰਧੀ ਪਾਠ-ਯੋਜਨਾ

ਅਧਿਆਪਕ ਦਾ ਨਾਂ : ਜਮਾਤ : ਦਸਵੀਂ
ਵਿਸ਼ਾ : ਪੰਜਾਬੀ ਮਿਤੀ :
ਉਪਵਿਸ਼ਾ : ਜਵਾਨ ਪੰਜਾਬ ਦੇ ਸਮਾਂ : ਇੱਕ ਪੀਰੀਅਡ

## ਆਮ ਉਦੇਸ਼ :

1. ਵਿਦਿਆਰਥੀਆਂ ਵਿੱਚ ਕਾਵਿ-ਕਲਾ ਸੰਬੰਧੀ ਵਿਕਾਸ ਕਰਨਾ।
2. ਕਵਿਤਾ ਦੀ ਬੋਲੀ ਤੇ ਸ਼ੈਲੀ ਆਧਾਰਿਤ ਕਾਵਿ ਬੰਦਾਂ ਦੀ ਪੜਚੋਲ ਕਰਨੀ।
3. ਵਿਦਿਆਰਥੀਆਂ ਵਿੱਚ ਕਵਿਤਾ ਲਈ ਸੁਹਜ-ਸੁਆਦ ਪੈਦਾ ਕਰਨਾ।

## ਖਾਸ ਉਦੇਸ਼ :

1. ਕਵੀ ਦੇ ਸੰਦੇਸ਼ ਨੂੰ ਪੜ੍ਹ ਕੇ ਸਮਝਣਾ ਅਤੇ ਉਸ ਦਾ ਅਨੰਦ ਮਾਣਨਾ।
2. ਕਵਿਤਾ ਅੰਦਰਲੀ ਸ਼ਬਦਾਵਲੀ ਨੂੰ ਸਮਝਦੇ ਹੋਏ ਉਸ ਦੇ ਅਰਥ ਸਮਝਾਉਣਾ।
3. ਕਵੀ ਦੇ ਅਨੁਭਵ ਨੂੰ ਸਮਝਦੇ ਹੋਏ ਉਸ ਨੂੰ ਵਿਦਿਆਰਥੀਆਂ ਤੱਕ ਪਹੁੰਚਾਉਣਾ।

## ਪੂਰਵ ਗਿਆਨ :

1. ਆਮ ਜਾਣਕਾਰੀ : ਇਸ ਦੇ ਤਹਿਤ ਕੀ ਵਿਦਿਆਰਥੀਆਂ ਨੇ 'ਪੰਜਾਬ' ਨਾਂ ਦੇ ਸੂਬੇ ਬਾਰੇ ਸੁਣਿਆ ਹੈ ? ਜਾਂ ਭਾਰਤ ਦੇ ਹੋਰ ਕਿਹੜੇ-ਕਿਹੜੇ ਪ੍ਰਦੇਸ਼ਾਂ ਬਾਰੇ ਜਾਦਕਾਰੀ ਰਖਦੇ ਹਨ ?
2. ਪਾਠ ਬਾਰੇ ਜਾਣਕਾਰੀ : ਵਿਦਿਆਰਥੀ ਪੰਜਾਬੀ ਲੋਕਾਂ ਦੇ ਸੁਭਾਅ ਬਾਰੇ ਕੀ ਜਾਣਕਾਰੀ ਰਖਦੇ ਹਨ, ਕੀ ਪੰਜਾਬੀ ਸਭਿਆਚਾਰ ਬਾਰੇ ਉਹਨਾਂ ਨੂੰ ਜਾਣਕਾਰੀ ਹੈ ?

## ਸਹਾਇਕ ਸਮੱਗਰੀ :

ਬਲੈਕ-ਬੋਰਡ, ਚਾਕ, ਝਾੜਨ, ਪਾਠ-ਪੁਸਤਕ ਆਦਿ।

## ਭੂਮਿਕਾ :

ਇਸ ਦੇ ਤਹਿਤ ਵਿਦਿਆਰਥੀਆਂ ਦੇ ਪੂਰਵ ਗਿਆਨ ਦੀ ਪਰਖ ਕਰਦਿਆਂ ਹੋਇਆਂ ਅਧਿਆਪਕ ਵਲੋਂ ਸਭ ਤੋਂ ਪਹਿਲਾਂ ਉਹਨਾਂ ਨੂੰ ਕਵਿਤਾ ਦੇ ਰਚਣਹਾਰ ਪ੍ਰੋ. ਪੂਰਨ ਸਿੰਘ ਬਾਰੇ ਜਾਣਕਾਰੀ ਦਿੰਦਾ ਹੋਇਆ ਇਹ ਜਾਣਕਾਰੀ ਦੇਵੇਗਾ ਕਿ ਕਵੀ ਨੇ ਆਪਣੀ ਕਵਿਤਾ ਨੂੰ ਬੰਦਸ਼ਾਂ ਤੋਂ ਪਰ੍ਹੇ ਰਖਦੇ ਹੋਏ ਖੁੱਲ੍ਹੇ ਰੂਪ ਵਿੱਚ ਕਵਿਤਾ ਦੀ ਰਚਨਾ ਕੀਤੀ। ਇਸ ਦੇ ਨਾਲ ਹੀ ਇਹ ਵੀ ਜਾਣਕਾਰੀ ਦਿੱਤੀ ਜਾਵੇਗੀ ਕਿ ਕਵੀ ਆਪਣੀ ਜਨਮ ਭੂਮੀ ਪੰਜਾਬ ਨੂੰ ਖ਼ਾਸ ਤੌਰ ਤੇ

Scanned with CamScanner

ਇਥੇ ਰਹਿਣ ਵਾਲਿਆਂ ਨੂੰ ਬਹੁਤ ਪਿਆਰ ਕਰਦਾ ਹੈ। ਇਸ ਲਈ ਉਹ ਇਥੋਂ ਦੇ ਲੋਕਾਂ ਦੇ ਰਹਿਣ-ਸਹਿਣ ਤੋਂ ਲੈ ਕੇ ਉਹਨਾਂ ਦੇ ਸਭਿਆਚਾਰਕ ਰੂਪ ਨੂੰ ਆਪਣੀ ਕਵਿਤਾ ਰਾਹੀਂ ਸਾਡੇ ਸਾਮ੍ਹਣੇ ਪੇਸ਼ ਕਰਦਾ ਹੈ।

**ਪੇਸ਼ਕਾਰੀ :**

| **ਵਿਸ਼ਾ-ਵਸਤੂ** | **ਸਿੱਖਣ-ਸਿਖਾਉਣ ਦੀ ਪ੍ਰਕਿਰਿਆ** | **ਬਲੈਕ-ਬੋਰਡ ਕਿਰਿਆ** | **ਮੁਲਾਂਕਣ** |
|---|---|---|---|
| ਜਵਾਨ ਪੰਜਾਬ ਦੇ<br>ਇਹ ਬੇਪਰਵਾਹ<br>ਪੰਜਾਬ ਦੇ<br>...<br>ਪੈਂਡਾ ਮਾਰਨ, ਜ਼ਰਾ<br>ਲੱਤਾਂ ਹਿਲਾਣ ਨੂੰ | ਅਧਿਆਪਕ ਵਿਆਖਿਆ ਵਿਧੀ ਤੇ ਸ਼ਬਦਾਰਥ ਵਿਧੀ ਨਾਲ ਵਿਦਿਆਰਥੀਆਂ ਨੂੰ ਕਵਿਤਾ ਦੇ ਅਰਥ ਸਪਸ਼ਟ ਕਰਨ ਦਾ ਯਤਨ ਕਰੇਗਾ। ਇਸ ਦੇ ਨਾਲ ਕਵਿਤਾ ਵਿੱਚ ਆਈ ਹੋਈ ਸ਼ਬਦਾਵਲੀ ਨੂੰ ਸਪਸ਼ਟ ਕਰਦਾ ਹੋਇਆ ਉਹਨਾਂ ਦੇ ਅਰਥ ਸਮਝਾਏਗਾ।<br>ਸਭ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਦੱਸਿਆ ਜਾਵੇਗਾ ਕਿ ਸਾਡੇ ਭਾਰਤ ਵਿੱਚ ਮੌਜੂਦਾ ਸਮੇਂ ਅੰਦਰ 21 ਪ੍ਰਦੇਸ਼ ਹਨ। ਫੇਰ ਵਿਦਿਆਰਥੀਆਂ ਨੂੰ ਪੁੱਛਿਆ ਜਾਵੇਗਾ ਕਿ ਉਹ ਕਿਹੜੇ ਪ੍ਰਦੇਸ਼ ਨਾਲ ਸੰਬੰਧ ਰਖਦੇ ਹਨ। ਉਹਨਾਂ ਦੇ ਪ੍ਰਦੇਸ਼ ਦੀ ਕੀ ਖ਼ਾਸ ਚੀਜ਼ ਮਸ਼ਹੂਰ ਹੈ।<br>ਵਿਦਿਆਰਥੀ ਅਧਿਆਪਕ ਦੀ ਗੱਲ ਨੂੰ ਧਿਆਨ ਨਾਲ ਸੁਣਨਗੇ ਤੇ ਨਾਲ ਹੀ ਉਹ ਅਧਿਆਪਕ ਦੁਆਰਾ ਕੀਤੇ ਗਏ ਸੁਆਲ ਅਨੁਸਾਰ ਆਪਣੇ-ਆਪਣੇ ਪ੍ਰਦੇਸ਼ ਦੀਆਂ ਖ਼ਾਸ ਵਸਤੂਆਂ ਬਾਰੇ ਦੱਸਣ ਦਾ ਉਪਰਾਲਾ ਕਰਨ ਲਈ ਗੱਲਬਾਤ ਵਿੱਚ ਸ਼ਾਮਲ ਹੋਣਗੇ।<br>ਇਸ ਤੋਂ ਉਪਰੰਤ ਅਧਿਆਪਕ ਉਤਰ ਵਿੱਚ ਸਥਿਤੀ 'ਪੰਜਾਬ' ਸੂਬੇ ਬਾਰੇ ਗੱਲਬਾਤ ਕਰਦਾ ਹੋਇਆ ਦੱਸੇਗਾ ਕਿ ਕਵੀ ਨੇ ਇਸ ਸੂਬੇ ਦੇ ਲੋਕਾਂ ਖ਼ਾਸ ਤੌਰ ਤੇ ਜਵਾਨਾਂ (ਨੌਜਵਾਨਾਂ) ਦੇ ਖੁੱਲ੍ਹੇ-ਡੁੱਲ੍ਹੇ ਸੁਭਾਅ ਅਤੇ ਬੇਪਰਵਾਹ ਚਰਿੱਤਰ ਦਾ ਚਿਤਰਨ ਬੜੀ ਹੀ ਖ਼ੂਬਸੂਰਤੀ ਨਾਲ ਕੀਤਾ ਹੈ।<br>ਇਹਨਾਂ ਲੋਕਾਂ ਦੀ ਮਸਤੀ, ਸੂਰਬੀਰਤਾ ਅਤੇ ਇਹਨਾਂ ਦੇ ਅੰਦਰਲੀ ਪਿਆਰ-ਭਾਵਨਾ ਨੂੰ ਉਹ ਪੰਜਾਬੀ ਸਭਿਆਚਾਰ ਦੇ ਚਰਿੱਤਰਾਂ ਦੀ | ਪ੍ਰੋ. ਪੂਰਨ ਸਿੰਘ (ਕਵੀ)<br><br>ਭਾਰਤ ਦਾ ਨਕਸ਼ਾ ਬਣਾ ਕੇ ਉਸ ਵਿੱਚ ਵੱਖ-ਵੱਖ ਪ੍ਰਦੇਸ਼ਾਂ ਦੇ ਨਾਂ ਲਿਖੇ ਜਾਣਗੇ।<br><br>ਅਧਿਆਪਕ ਵੱਖ-ਵੱਖ ਚਿੱਤਰਾਂ ਦੀ ਸਹਾਇਤਾ ਨਾਲ ਦੱਸੇਗਾ ਕਿ ਇਥੋਂ ਦੇ ਕੁਦਰਤੀ ਵਾਤਾਵਰਨ ਸਦਕਾ ਪੰਜਾਬ ਦੇ ਲੋਕਾਂ ਦਾ ਸਰੀਰ ਸਭ ਤੋਂ ਨਰੋਆ ਹੈ।<br><br>ਔਖੇ ਸ਼ਬਦਾਂ ਦੇ ਅਰਥ :<br>ਟੈਂ ਮੰਨਣਾ-ਈਨ ਮੰਨਣਾ।<br>ਕੋਹਦਾ-ਬੇਰਹਿਮੀ ਨਾਲ ਮਾਰਨਾ।<br>ਦੀਨ-ਧਰਮ। | ਭਾਰਤ ਦੇ ਵੱਖ-ਵੱਖ ਸੂਬਿਆਂ ਦੇ ਲੋਕਾਂ ਦੇ ਪਹਿਨਾਵੇ ਬਾਰੇ ਪੁੱਛਿਆ ਜਾਵੇਗਾ।<br><br>ਕੁਦਰਤੀ ਸਰੋਤ ਕਿਹੜੇ ਹੁੰਦੇ ਹਨ।<br><br>ਕਿਹੜੇ ਪ੍ਰਦੇਸ਼ ਵਿੱਚ ਸਭ ਤੋਂ ਜ਼ਿਆਦਾ ਕੁਦਰਤੀ ਸਰੋਤ ਮੌਜੂਦ ਹਨ।<br><br>ਪਿਆਰ ਸਿਰਫ਼ ਮਨੁੱਖਾਂ ਵਿੱਚ ਹੀ ਹੋ ਸਕਦਾ ਹੈ ਜਾਂ ਫੇਰ ਹੋਰ ਜੀਵਾਂ ਵਿੱਚ। |

Scanned with CamScanner

| ਵਿਸ਼ਾ-ਵਸਤੂ | ਸਿੱਖਣ-ਸਿਖਾਉਣ ਦੀ ਪ੍ਰਕਿਰਿਆ | ਬਲੈਕ-ਬੋਰਡ ਕਿਰਿਆ | ਮੁਲਾਂਕਣ |
|---|---|---|---|
| | ਮਿਸਾਲਾਂ ਦੇ ਕੇ ਪੇਸ਼ ਕਰਦਾ ਹੈ।<br>ਪੰਜਾਬ ਦੇ ਰਹਿਣ-ਸਹਿਣ ਭਾਵ ਸਭਿਆਚਾਰ ਨਾਲ ਸੰਬੰਧਿਤ ਤਸਵੀਰਾਂ ਨੂੰ ਚਿਪਕਾ ਕੇ ਇੱਕ ਫਾਈਲ ਤਿਆਰ ਕਰਦੇ ਹੋਏ ਪ੍ਰੋਜੈਕਟ ਬਣਾਉਣ ਲਈ ਦਿੱਤਾ ਜਾਵੇਗਾ।<br>ਕਵਿਤਾ ਅੰਦਰ ਪੰਜਾਬ ਦੇ ਜਵਾਨਾਂ ਦੇ ਨਾਲ-ਨਾਲ ਸਮੁੱਚੇ ਪੰਜਾਬ ਦਾ ਭਰਪੂਰ ਦ੍ਰਿਸ਼ ਉਹ ਬੜੇ ਹੀ ਸੁਹਣੇ ਢੰਗ ਨਾਲ ਪੇਸ਼ ਕਰਦਾ ਹੈ।<br>ਕਵੀ ਅਨੁਸਾਰ ਪੰਜਾਬ ਦੇ ਨੌਜਵਾਨਾਂ ਨੂੰ ਪਿਆਰ ਨਾਲ ਤਾਂ ਗੁਲਾਮੀ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ ਲੇਕਿਨ ਜ਼ੋਰ ਜ਼ਬਰਦਸਤੀ ਨਾਲ ਇਹਨਾਂ ਤੋਂ ਕੁਝ ਨਹੀਂ ਕਰਾਇਆ ਜਾ ਸਕਦਾ। ਇਹਨਾਂ ਨੇ ਬਾਲ ਨਾਥ ਜੋਗੀ ਨੂੰ ਜਾ ਲਲਕਾਰਿਆ ਸੀ ਤੇ ਇਹ ਕਹਿ ਦਿੱਤਾ ਕਿ ਮੇਰੇ ਕੰਨਾਂ ਨੂੰ ਠੀਕ ਕਰ ਦੇ ਤੇ ਆਪਣੀਆਂ ਮੁੰਦਰਾਂ ਵਾਪਸ ਲੈ ਲੈ।<br>ਘਰ ਵਿਚ ਬੱਚਿਆਂ ਦੁਆਰਾ ਪਿਆਰ ਨਾਲ ਆਪਣੇ ਮਾਂ ਪਿਉ ਤੋਂ ਆਪਣੀ ਮੰਗ ਮਨਵਾਈ ਜਾ ਸਕਦੀ ਹੈ। ਇਸ ਲਈ ਜੀਵਨ ਵਿਚ ਪਿਆਰ ਦੀ ਬਹੁਤ ਮਹਾਨਤਾ ਹੈ।<br>(ਪਿਆਰ ਤੇ ਆਧਾਰਿਤ ਛੋਟੀ ਜਿਹੀ ਕਹਾਣੀ ਆਪਣੇ ਸ਼ਬਦਾਂ ਵਿਚ ਲਿਖਣ ਲਈ ਦਿੱਤੀ ਜਾਵੇਗੀ।)<br>ਲੜਾਈ ਦੇ ਮੈਦਾਨ ਵਿੱਚ ਇਹ ਪੰਜਾਬੀ ਨੌਜਵਾਨ ਪਿੱਛੇ ਨਹੀਂ ਹਟਦੇ ਭਾਵ ਪਿੱਠ ਦਿਖਾ ਕੇ ਨਹੀਂ ਭੱਜਦੇ ਤੇ ਛਾਤੀ ਤਾਣ ਕੇ ਮੌਤ ਦੇ ਸਾਹਮਣੇ ਖਲੋ ਜਾਂਦੇ ਹਨ।<br>ਸਿਰਫ਼ ਇਥੋਂ ਦੇ ਨੌਜਵਾਨ ਹੀ ਸੁੰਦਰ ਨਹੀਂ ਬਲਕਿ ਇਥੋਂ ਦੀ ਮੁਟਿਆਰਾਂ ਦਾ ਸੁਹੱਪਣ ਕਿਸੇ ਤੋਂ ਘੱਟ ਨਹੀਂ ਹੈ।<br>ਇਸ ਧਰਤੀ ਨੂੰ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਪੈਰਾਂ ਨਾਲ ਪਵਿੱਤਰ ਕੀਤਾ ਹੈ ਇਸ | ਭਾਰਤ ਇੱਕ ਧਰਮ ਨਿਰਪੇਖ ਮੁਲਕ | ਸਿੱਖ ਧਰਮ ਤੋਂ ਇਲਾਵਾ ਹੋਰ ਕਿਹੜੇ ਧਰਮਾਂ ਦੇ ਲੋਕ ਪੰਜਾਬ ਵਿੱਚ ਰਹਿੰਦੇ ਹਨ। |

Scanned with CamScanner

| ਵਿਸ਼ਾ-ਵਸਤੂ | ਸਿੱਖਣ-ਸਿਖਾਉਣ ਦੀ ਪ੍ਰਕਿਰਿਆ | ਬਲੈਕ-ਬੋਰਡ ਕਿਰਿਆ | ਮੁਲਾਂਕਣ |
|---|---|---|---|
| | ਲਈ ਲੋਕ ਇਥੋਂ ਦੀ ਮਿੱਟੀ ਨੂੰ ਮੱਥਾ ਟੇਕਦੇ ਹਨ। ਪੰਜਾਬ ਗੁਰੂਆਂ ਦੇ ਨਾਂ ਉਪਰ ਜਿਉਂਦਾ ਹੈ। ਖ਼ੁਸ਼ੀਆਂ ਦੇ ਰੰਗ ਵਿਚ ਇਹ ਲੋਕ ਰਲ-ਮਿਲ ਕੇ ਭੰਗੜੇ ਪਾਉਂਦੇ ਹਨ, ਨੱਚਦੇ-ਟੱਪਦੇ ਹਨ। ਆਪਣੇ ਸਰੀਰ ਦੀ ਵਰਜਿਸ ਲਈ ਇਹ ਪੰਜਾਹ ਕੋਹ ਨੂੰ ਸਿਰਫ 'ਸੈਰ' ਦਾ ਨਾਂ ਦਿੰਦੇ ਹਨ।<br>ਅਧਿਆਪਕ ਵਿਦਿਆਰਥੀਆਂ ਕੋਲੋਂ ਛੋਟੇ-ਛੋਟੇ ਪ੍ਰਸ਼ਨ ਪੁਛੇਗਾ :<br>1. ਪੰਜਾਬ ਵਿੱਚ ਕਿੰਨੇ ਦਰਿਆ ਹਨ ?<br>2. ਇਹਨਾਂ ਦਰਿਆਵਾਂ ਦੇ ਕੰਢੇ ਵਸੇ ਹੋਏ ਸ਼ਹਿਰਾਂ ਦੇ ਨਾਂ ਲਿਖੋ।<br>ਵਿਦਿਆਰਥੀਆਂ ਦੁਆਰਾ ਬਾਕੀ ਧਰਮਾਂ ਦੇ ਪੈਗੰਬਰਾਂ ਬਾਰੇ ਗੱਲਬਾਤ ਰਾਹੀਂ ਜਾਣਿਆ ਜਾਵੇਗਾ ਕਿ ਸਾਰੇ ਧਰਮਾਂ ਦਾ ਮੂਲ ਮਨੋਰਥ ਇੱਕ ਹੈ ਸਭ ਨਾਲ ਪਿਆਰ ਕਰੋ। | ਹੈ। ਇਥੇ ਸਾਰਿਆਂ ਨੂੰ ਧਾਰਮਿਕ ਤੇ ਸਮਾਜਿਕ ਖੁੱਲ੍ਹ ਪ੍ਰਾਪਤ ਹੈ। ਸਾਰੇ ਧਰਮਾਂ ਦੇ ਧਾਰਮਿਕ ਚਿੰਨ੍ਹ ਬਣਾਏ ਜਾਣਗੇ। | |

## ਦੁਹਰਾਓ :

ਪਾਠ-ਪੁਸਤਕ ਆਧਾਰਿਤ ਪ੍ਰਸ਼ਨ

ਪ੍ਰ. 1. ਪੰਜਾਬ ਦੇ ਜਵਾਨਾਂ ਨੂੰ ਵੱਸ ਵਿੱਚ ਕਿਵੇਂ ਕੀਤਾ ਜਾ ਸਕਦਾ ਹੈ ?

ਪ੍ਰ. 2. ਪੰਜਾਬ ਕਿਸ ਦੇ ਨਾਂ ਉੱਤੇ ਜਿਉਂਦਾ ਹੈ ?

ਪ੍ਰ. 3. 'ਜਵਾਨ ਪੰਜਾਬ ਦੇ' ਵਿੱਚ ਪੰਜਾਬ ਦਾ ਜੋ ਦ੍ਰਿਸ਼ ਚਿਤਰਿਆ ਗਿਆ ਹੈ, ਉਸ ਦਾ ਵਰਣਨ ਆਪਣੇ ਸ਼ਬਦਾਂ ਵਿਚ ਕਰੋ।

## ਘਰ ਲਈ ਕੰਮ :

ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖ ਕੇ ਲਿਆਉ ਤੇ ਕਵਿਤਾ ਨੂੰ ਜ਼ੁਬਾਨੀ ਯਾਦ ਕਰੋ।

Scanned with CamScanner